# *ਪੁਨਰਵਾਸ ਸੇਵਾਵਾਂ*

## *Rehabilitation Services*

**ਉਦੇਸ਼**

- ਅਪੰਗਤਾਵਾਂ ਵਾਲੇ ਵਿਅਕਤੀਆਂ ਦੀ, ਉਨ੍ਹਾਂ ਦੀਆਂ ਸਰੀਰਕ ਮਾਨਸਿਕ ਅਤੇ ਸਮਾਜਕ ਸਮਰੱਥਾਵਾਂ ਨੂੰ ਪੂਰੀ ਸਮਰੱਥਾ ਤੱਕ ਵਿਕਸਿਤ ਕਰਕੇ ਅਤੇ ਭਾਈਚਾਰੇ ਵਿਚ ਉਨ੍ਹਾਂ ਦੇ ਏਕੀਕਰਣ ਨੂੰ ਉਤਸ਼ਾਹਤ ਕਰਕੇ ਉਨ੍ਹਾਂ ਦੀ ਸਮਾਜ ਦੇ ਪੂਰੇ ਮੈਂਬਰ ਬਣਨ ਵਿਚ ਸਹਾਇਤਾ ਕਰਨਾ।

- ਸੋਸ਼ਲ ਵੈਲਫੇਅਰ ਡਿਪਾਰਟਮੈਂਟ (ਐਸ ਡਬਲਿਯੂ ਡੀ) (•Social Welfare Department, SWD) ਅਤੇ ਗੈਰ-ਸਰਕਾਰੀ ਸੰਗਠਨ (ਐਨ ਜੀ ਓਜ਼) (NGOs) ਕਈਂ ਤਰ੍ਹਾਂ ਦੀਆਂ *ਪੁਨਰਵਾਸ* ਸੇਵਾਵਾਂ ਮੁਹੱਈਆ ਕਰਦੇ ਹਨ ਜਿਨ੍ਹਾਂ ਵਿਚ ਪ੍ਰੀ-ਸਕੂਲ ਰੀਹੈਬਲੀਟੇਸ਼ਨ ਸਰਵਿਸਜ਼; ਵੋਕੇਸ਼ਨਲ ਰੀਹੈਬਲੀਟੇਸ਼ਨ ਸਰਵਿਸਜ਼; ਰੈਜ਼ੀਡੈਂਸ਼ਲ ਕੇਅਰ; ਅਤੇ ਡੇਅ ਕੇਅਰ ਅਤੇ ਕਮਿਊਨਿਟੀ ਸਪੋਰਟ ਸ਼ਾਮਲ ਹਨ।

**Objectives**

- To assist persons with disabilities to be full members of the community by developing their physical, mental and social capabilities to the fullest extent and by promoting their integration into the community

- Social Welfare Department (SWD) and non-governmental organisations (NGOs) provide a wide range of rehabilitation services including Pre-school Rehabilitation Services; Vocational Rehabilitation Services; Residential Care; and Day Care and Community Support.

**ਸੇਵਾਵਾਂ ਦਾ ਖੇਤਰ**

**Scope of Services**

- **ਪ੍ਰੀ-ਸਕੂਲ ਰੀਹੈਬਲੀਟੇਸ਼ਨ ਸਰਵਿਸਜ਼**

  ਜਨਮ ਤੋਂ ਲੈ ਕੇ ਛੇ ਸਾਲ ਦੀ ਉਮਰ ਤੱਕ ਦੇ ਅਪੰਗਤਾਵਾਂ ਵਾਲੇ ਜਾਂ ਅਪੰਗ ਹੋਣ ਦੇ ਜ਼ੋਖਮ ‘ਤੇ ਮੌਜੂਦ ਉਹ ਬੱਚੇ ਜਿਨ੍ਹਾਂ ਨੇ ਅਜੇ ਪ੍ਰਾਇਮਰੀ ਸਕੂਲ ਜਾਣਾ ਸ਼ੁਰੂ ਨਹੀਂ ਕੀਤਾ ਹੈ ਉਨ੍ਹਾਂ ਦੇ ਸਰੀਰਕ, ਮਨੋਵਿਗਿਆਨਿਕ ਅਤੇ ਸਮਾਜਕ ਵਿਕਾਸ ਨੂੰ ਵਧਾਉਣ ਕੇ ਲਈ ਉਨ੍ਹਾਂ ਨੂੰ ਸ਼ੁਰੂਆਤੀ ਦਖਲਅੰਦਾਜ਼ੀ ਪ੍ਰਦਾਨ ਕਰਨਾ ਇਸ ਤਰ੍ਹਾਂ ਆਮ ਸਕੂਲਾਂ ਅਤੇ ਰੋਜ਼ਾਨਾ ਜੀਵਨ ਦੀਆਂ ਗਤੀਵਿਧੀਆਂ ਵਿਚ ਉਨ੍ਹਾਂ ਲਈ ਮੌਕਿਆਂ ਨੂੰ ਵਧਾਉਣਾ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੀਆਂ ਖਾਸ ਜ਼ਰੂਰਤਾਂ ਨੂੰ ਪੂਰਾ ਕਰਨ ਵਿਚ ਮਦਦ ਕਰਨਾ।

  **Pre-school Rehabilitation Services**

  To provide children, from birth to under the age of six who have not yet started primary schooling, with disabilities or at risk of becoming disabled with early intervention to enhance their physical, psychological and social developments, thereby improving their opportunities for participating in ordinary schools and daily life activities and helping their families meet their special needs.

- **ਵੋਕੇਸ਼ਨਲ ਰੀਹੈਬਲੀਟੇਸ਼ਨ ਸਰਵਿਸਜ਼**

  ਅਪੰਗਤਾਵਾਂ ਵਾਲੇ ਵਿਅਕਤੀਆਂ ਦੀਆਂ ਕੰਮ ਕਰਨ ਦੀ ਸਮਰੱਥਾ ਨੂੰ ਵਧਾਉਣ ਲਈ ਅਤੇ ਇਕ ਢੁੱਕਵਾਂ ਰੁਜ਼ਗਾਰ ਪ੍ਰਾਪਤ ਕਰਨ, ਬਰਕਰਾਰ ਰੱਖਣ ਅਤੇ ਉਸ ਵਿਚ ਤਰੱਕੀ ਕਰਨ ਦੇ ਸਮਰੱਥ ਕਰਨ ਲਈ ਅਤੇ ਇਸ ਤਰ੍ਹਾਂ ਭਾਈਚਾਰੇ ਵਿਚ ਉਨ੍ਹਾਂ ਦੇ ਏਕੀਕਰਣ ਨੂੰ ਹੋਰ ਵਧਾਉਣਾ।

  **Vocational Rehabilitation Services**
  To enhance the working capacity of persons with disabilities, and to enable them to secure, retain and advance in suitable employment and thereby to further integrate into the community.

- **ਰੈਜ਼ੀਡੈਂਸ਼ਿਅਲ ਕੇਅਰ**

  ਅਪੰਗ ਵਿਅਕਤੀ ਜੋ ਆਤਮ ਨਿਰਭਰ ਤਰੀਕੇ ਨਾਲ ਨਹੀਂ ਜੀਅ ਸਕਦੇ ਅਤੇ ਉਹ ਜਿਨ੍ਹਾਂ ਦੇ ਪਰਿਵਾਰਾਂ ਦੁਆਰਾ ਉਨ੍ਹਾਂ ਦਾ ਉੱਚਿਤ ਧਿਆਨ ਨਹੀਂ ਰੱਖਿਆ ਜਾ ਸਕਦਾ, ਉਨ੍ਹਾਂ ਲਈ ਢੁੱਕਵੀਂ ਰੈਜ਼ੀਡੈਂਸ਼ਿਅਲ ਕੇਅਰ ਅਤੇ ਲੋੜੀਂਦੀ ਸਿਖਲਾਈ ਅਤੇ ਸਹਾਇਤਾ ਪ੍ਰਦਾਨ ਕਰਨਾ ਤਾਂ ਜੋ ਉਨ੍ਹਾਂ ਦੇ ਜੀਵਨ ਦੀ ਗੁਣਵੱਤਤਾ ਵਿਚ ਸੁਧਾਰ ਕੀਤਾ ਜਾ ਸਕੇ ਅਤੇ ਜਿਉਣ ਦੇ ਆਤਮ-ਨਿਰਭਰ ਹੁਨਰਾਂ ਨੂੰ ਵਿਕਸਤ ਕਰਨ ਵਿਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ।

  **Residential Care**
  To provide appropriate residential care and necessary training and support services for those persons with disabilities who cannot live independently and those who cannot be adequately cared for by their families, with a view to improving their quality of life and helping them develop independent living skills.

- **ਡੇਅ ਕੇਅਰ ਅਤੇ ਕਮਿਊਨਿਟੀ ਸਪੋਰਟ**

  ਅਪੰਗ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਸਿਖਲਾਈ ਅਤੇ ਸਹਾਇਤਾ ਉਪਲਬੱਧ ਕਰਵਾਉਣਾ, ਉਨ੍ਹਾਂ ਦੀ ਸਮਰੱਥਾ ਨੂੰ ਵਿਕਸਤ ਕਰਨ ਵਿਚ ਉਨ੍ਹਾਂ ਦੀ ਮਦਦ ਕਰਨਾ, ਉਨ੍ਹਾਂ ਨੂੰ ਘਰ ਵਿਚ ਆਤਮ ਨਿਰਭਰਤਾ ਨਾਲ ਜੀਵਨ ਜਿਉਣਾ ਜਾਰੀ ਰੱਖਣ ਦੇ ਸਮਰੱਥ ਕਰਨਾ ਅਤੇ ਭਾਈਚਾਰੇ ਵਿਚ ਉਨ੍ਹਾਂ ਦੇ ਸੰਪੂਰਨ ਏਕੀਕਰਣ ਲਈ ਉਨ੍ਹਾਂ ਨੂੰ ਤਿਆਰ ਕਰਨਾ। ਇਨ੍ਹਾਂ ਸੇਵਾਵਾਂ ਦਾ ਉਦੇਸ਼ ਦੇਖਭਾਲਕਰਤਾਵਾਂ ਦੀ ਦੇਖਭਾਲ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ ਉਨ੍ਹਾਂ ਦੇ ਤਣਾਅ ਨੂੰ ਘੱਟ ਕਰਨਾ ਵੀ ਹੈ ਤਾਂ ਜੋ ਉਹ ਅਪੰਗਤਾਵਾਂ ਵਾਲੇ ਵਿਅਕਤੀਆਂ ਲਈ ਅਤੇ ਖੁਦ ਲਈ ਜੀਵਨ ਦੀ ਵਧੀਆ ਗੁਣਵੱਤਤਾ ਪ੍ਰਦਾਨ ਕਰ ਸਕਣ।

  **Day Care and Community Support**
  To make available training and support to persons with disabilities in response to their needs, assisting them in developing their potential, enabling them to continue to live independently at home and preparing them for full integration into the community. These services also aim at strengthening the carers' caring capacity and relieving their stress so as to provide a better quality of life for persons with disabilities and themselves.

ਉਹ ਵਿਅਕਤੀ ਜਾਂ ਪਰਿਵਾਰ ਜਿਨ੍ਹਾਂ ਨੂੰ ਹੋਰ ਜਾਣਕਾਰੀ ਚਾਹੀਦੀ ਹੈ ਜਾਂ ਜਿਨ੍ਹਾਂ ਨੂੰ ਉਪਰੋਕਤ ਸੇਵਾਵਾਂ ਚਾਹੀਦੀਆਂ ਹਨ ਉਹ ਮੈਡੀਕਲ ਸੋਸ਼ਲ ਸਰਵਿਸਜ਼ ਯੂਨਿਟ (ਜੇ ਹਸਪਤਾਲਾਂ ਵਿਚ ਸੇਵਾਵਾਂ ਨੂੰ ਪ੍ਰਾਪਤ ਕੀਤਾ ਜਾ ਰਿਹਾ ਹੈ) ਜਾਂ ਇੰਟੈਗ੍ਰੇਟਡ ਫੈਮਿਲੀ ਸਰਵਿਸ ਸੈਂਟਰ (ਆਈ ਐਫ਼ ਐਸ ਸੀ- IFSC)) ਤੱਕ ਪਹੁੰਚ ਕਰ ਸਕਦੇ ਹਨ। ਆਈ ਐਫ਼ ਐਸ ਸੀ (IFSC) ਅਤੇ ਸੰਪਰਕਾਂ ਦੀ ਸੂਚੀ ਬਾਰੇ ਜਾਣਕਾਰੀ ਇਨ੍ਹਾਂ ਤੋਂ ਉਪਲਬੱਧ ਹੈ:

Individuals or families requiring further information or in need of the above services can approach the Medical Social Services Unit (if receiving services in hospitals) or nearby Integrated Family Service Centre (IFSC). Information on the list of IFSC and contacts are available from:

| | |
|---|---|
| ਸੋਸ਼ਲ ਵੈਲਫੇਅਰ ਡਿਪਾਰਟਮੈਂਟ ਹਾਟਲਾਈਨ (24 ਘੰਟੇ)<br>Social Welfare Department Hotline (24 hours) | 2343 2255 |
| ਫੈਕਸ ਇਨਕੁਆਇਰੀ ਨੰਬਰ<br>Fax Enquiry Number | 2763 5874 |
| ਆਈ ਐਫ਼ ਐਸ ਸੀ (IFSC) ਬਾਰੇ ਵੈਬਸਾਇਟ ਜਾਣਕਾਰੀ ਪਰਚਾ<br>Website Information leaflet on IFSC | http://www.swd.gov.hk |

ਸੋਸ਼ਲ ਵੈਲਫੇਅਰ ਡਿਪਾਰਟਮੈਂਟ

ਨਵੰਬਰ 2021

Social Welfare Department
November 2021